ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 2623207, 2620106
ਫੈਕਸ:0172-2624687, ਈ-ਮੇਲ: ssa.punjab@yahoo.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਪੰਜਾਬ।

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

ਸਮੂਹ ਸਕੂਲ ਮੁਖੀ, ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ (ਵੈੱਬ ਸਾਈਟ ਰਾਹੀਂ)

ਮੀਮੋ ਨੰ. 50/ਸ.ਸ.ਅ/ਪੈਡਾਗੋਜ਼ੀ/ 74632-33

ਮਿਤੀ: ਚੰਡੀਗੜ੍ਹ 28.02.2012

**ਵਿਸ਼ਾ: ਚੌਥੀ ਤੋਂ ਅੱਠਵੀਂ ਜਮਾਤ ਤੱਕ ਬਾਈ ਮੰਥਲੀ ਅਤੇ ਨੌਵੀਂ ਦੇ ਦੂਜੇ ਸਮੈਸਟਰ ਦੀ ਡੇਟਸ਼ੀਟ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਜੀ।

2.0 ਲਗਾਤਾਰ ਸਮੁੱਚਾ ਮੁਲਾਂਕਣ ਸ਼ੁਰੂ ਹੋਣ ਕਾਰਨ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਰਚ, 2012 ਦੇ ਬਾਈ ਮੰਥਲੀ ਮੁਲਾਂਕਣ ਅਤੇ ਨੌਵੀਂ ਜਮਾਤ ਦੇ ਦੂਜੇ ਸਮੈਸਟਰ ਦੇ ਮੁਲਾਂਕਣ ਹਿਤ ਸਮਾਂ ਸਾਰਨੀ ਹੇਠ ਲਿਖੇ ਅਨੁਸਾਰ ਤਿਆਰ ਕੀਤੀ ਗਈ ਹੈ:

| ਜਮਾਤ | ਵਿਸ਼ਾ | ਮਿਤੀ | ਸਮਾਂ |
|---|---|---|---|
| ਚੌਥੀ ਅਤੇ ਪੰਜਵੀਂ | ਪੰਜਾਬੀ | 15.03.2012 | 1:20 ਤੋਂ 2:00 |
| | ਹਿੰਦੀ | 16.03.2012 | 1:20 ਤੋਂ 2:00 |
| | ਅੰਗਰੇਜ਼ੀ | 17.03.2012 | 1:20 ਤੋਂ 2:00 |
| | ਹਿਸਾਬ | 19.03.2012 | 1:20 ਤੋਂ 2:00 |
| | ਵਾਤਾਵਰਨ ਸਿੱਖਿਆ | 20.03.2012 | 1:20 ਤੋਂ 2:00 |
| ਛੇਵੀਂ ਤੋਂ ਅੱਠਵੀਂ | ਵਿਗਿਆਨ | 14.03.2012 | 9:30 ਤੋਂ 10:10 |
| | ਸਮਾਜਿਕ ਸਿੱਖਿਆ | 15.03.2012 | 9:30 ਤੋਂ 10:10 |
| | ਹਿੰਦੀ | 16.03.2012 | 9:30 ਤੋਂ 10:10 |
| | ਗਣਿਤ | 17.03.2012 | 9:30 ਤੋਂ 10:10 |
| | ਅੰਗਰੇਜ਼ੀ | 19.03.2012 | 9:30 ਤੋਂ 10:10 |
| | ਪੰਜਾਬੀ | 20.03.2012 | 9:30 ਤੋਂ 10:10 |
| ਨੌਵੀਂ | ਗਣਿਤ | 13.03.2012 | 9:30 ਤੋਂ 12:00 |
| | ਹਿੰਦੀ | 14.03.2012 | 9:30 ਤੋਂ 12:00 |
| | ਪੰਜਾਬੀ-ਏ | 15.03.2012 | 9:30 ਤੋਂ 12:00 |
| | ਵਿਗਿਆਨ | 16.03.2012 | 9:30 ਤੋਂ 12:00 |
| | ਪੰਜਾਬੀ-ਬੀ | 17.03.2012 | 9:30 ਤੋਂ 12:00 |
| | ਸਮਾਜਿਕ ਸਿੱਖਿਆ | 19.03.2012 | 9:30 ਤੋਂ 12:00 |
| | ਅੰਗਰੇਜ਼ੀ | 20.03.2012 | 9:30 ਤੋਂ 12:00 |

3.0 ਮਾਰਚ, 2012 ਦਾ ਸਿਲੇਬਸ ਸਮਾਂ ਰਹਿੰਦਿਆਂ ਪੂਰਾ ਕਰ ਲਿਆ ਜਾਵੇ।

4.0 ਸਰੀਰਕ ਸਿੱਖਿਆ, ਕੰਪਿਊਟਰ ਸਿੱਖਿਆ ਅਤੇ ਡਰਾਇੰਗ ਦਾ ਮੁਲਾਂਕਣ ਟੂਲ ਅਧਿਆਪਕ ਪਹਿਲਾਂ ਵਾਂਗ ਖੁਦ ਤਿਆਰ ਕਰਨਗੇ।

5.0 ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦਾ ਮੁਲਾਂਕਣ ਜ਼ੀਰੋ ਪੀਰੀਅਡ ਵਿੱਚ ਹੋਵੇਗਾ।

6.0 ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਜਮਾਤਾਂ ਦੇ ਮੁਲਾਂਕਣ ਟੂਲ ਜ਼ਿਲ੍ਹਿਆਂ ਨੂੰ ਪਹੁੰਚਾਏ ਜਾ ਰਹੇ ਹਨ। ਇਹਨਾਂ ਟੂਲਜ਼ ਦੀ ਗੁਪਤਤਾ ਬਣਾਈ ਰੱਖਣ ਅਤੇ ਹੋਰ ਸਾਰੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਬੰਧਤ ਬੀ.ਪੀ.ਈ.ਓ, ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਦੀ ਹੋਵੇਗੀ। ਜੇਕਰ ਇਹਨਾਂ ਟੂਲਜ਼ ਦੀ ਗੁਪਤਤਾ ਕਿਸੇ ਵੀ ਤਰੀਕੇ ਨਾਲ ਭੰਗ ਹੁੰਦੀ ਤਾਂ ਇਸਲਈ ਸਬੰਧਤ, ਬੀ.ਪੀ.ਈ.ਓ, ਜ਼ਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ ਅਤੇ ਸਕੂਲ ਮੁਖੀ ਜ਼ਿੰਮੇਵਾਰ ਹੋਣਗੇ।

7.0 ਮੁਲਾਂਕਣ ਦਾ ਸਮੁੱਚਾ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਸਬੰਧਤ ਜ਼ਿਲ੍ਹਾ ਅਧਿਕਾਰੀ, ਬੀ.ਪੀ.ਈ.ਓ ਅਤੇ ਸਕੂਲ ਮੁਖੀ ਦੀ ਹੋਵੇਗੀ।

8.0 ਮੁਲਾਂਕਣ ਦਾ ਕੰਮ ਸਮੇਂ ਸਿਰ ਪੂਰਾ ਕਰਨ ਉਪਰੰਤ ਅਧਿਆਪਕ ਸਾਹਿਬਾਨ ਹਰ ਬੱਚੇ ਦਾ ਮੁਲਾਂਕਣ ਰਿਕਾਰਡ ਪੂਰਾ ਕਰਨਗੇ ਤੇ ਇਸ ਰਿਕਾਰਡ ਨੂੰ ਸੰਭਾਲ ਕੇ ਰੱਖਣ ਦਾ ਇੰਤਜ਼ਾਮ ਕਰਨਗੇ।

9.0 ਵਿਦਿਆਰਥੀਆਂ ਦਾ ਨਤੀਜਾ ਮਾਪਿਆਂ ਨਾਲ ਸਾਂਝਾ ਕਰਨ ਹਿਤ ਮੁਕੰਮਲ ਰੂਪ ਵਿੱਚ ਭਰਿਆ ਹੋਇਆ ਰਿਪੋਰਟ ਕਾਰਡ ਉਹਨਾਂ ਨੂੰ ਸੌਂਪਿਆ ਜਾਵੇ।

10.0 ਸੀ.ਸੀ.ਈ ਦੇ ਰਿਕਾਰਡ ਰਜਿਸਟਰਾਂ ਦੇ ਸੁਚੱਜੇ ਪ੍ਰਯੋਗ ਲਈ ਸਕੂਲ ਮੁਖੀ ਇਹ ਵੀ ਯਕੀਨੀ ਬਨਾਉਣਗੇ ਕਿ ਵਿਸ਼ਾ ਅਧਿਆਪਕ ਆਪਣੇ ਵਿਸ਼ੇ ਦੇ ਰਜਿਸਟਰ ਨੂੰ continue ਕਰਨ। ਇਸਦੇ ਪੂਰੀ ਤਰ੍ਹਾਂ ਭਰ ਜਾਣ ਤੋਂ ਬਾਅਦ ਉਹਨਾਂ ਦੀ ਮੰਗ ਦੇ ਮੱਦੇਨਜ਼ਰ ਹੀ ਉਹਨਾਂ ਨੂੰ ਨਵਾਂ ਰਜਿਸਟਰ ਮੁਹੱਈਆ ਕਰਵਾਇਆ ਜਾਵੇ। ਰਜਿਸਟਰਾਂ ਦੇ ਪੰਨੇ ਵਿਅਰਥ ਕੀਤੇ ਜਾਣ ਦੀ ਸੂਰਤ ਵਿੱਚ ਅਧਿਆਪਕ ਅਤੇ ਸਕੂਲ ਮੁਖੀ ਖੁਦ ਜ਼ਿੰਮੇਵਾਰ ਹੋਣਗੇ।

11.0 ਨਵੇਂ ਰਜਿਸਟਰ ਜਲਦੀ ਹੀ ਜ਼ਿਲ੍ਹਿਆਂ ਤੱਕ ਪਹੁੰਚਦੇ ਕੀਤੇ ਜਾ ਰਹੇ ਹਨ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**